# ਕੀਮੋਥੈਰੇਪੀ ਨਾਲ ਸਬੰਧਤ ਬਿਮਾਰੀ ਦੇ ਮਾੜੇ ਪ੍ਰਭਾਵ।

## ਸਵਾਲ ਜੋ ਤੁਸੀਂ ਪੁੱਛ ਸਕਦੇ ਹੋ।

### ਕੈਂਸਰ ਲਈ ਕੀਮੋਥੈਰੇਪੀ ਕਰਵਾਉਣਾ ਇੱਕ ਚੁਣੌਤੀਪੂਰਨ ਅਨੁਭਵ ਹੋ ਸਕਦਾ ਹੈ

ਕੀਮੋਥੈਰੇਪੀ ਕਰਵਾਉਣ ਵਾਲੇ ਬਹੁਤ ਸਾਰੇ ਲੋਕ ਕਈ ਵਾਰ ਬਿਮਾਰ (ਮਤਲੀ) ਮਹਿਸੂਸ ਕਰਦੇ ਹਨ ਜਾਂ ਬਿਮਾਰ (ਉਲਟੀਆਂ) ਹੋ ਜਾਂਦੇ ਹਨ।[1] ਹਰ ਕੋਈ ਕੀਮੋਥੈਰੇਪੀ ਪ੍ਰਤੀ ਵੱਖੋ-ਵੱਖਰੀ ਪ੍ਰਤੀਕਿਰਿਆ ਕਰਦਾ ਹੈ। ਸਾਰੀਆਂ ਕੈਂਸਰ ਦਵਾਈਆਂ ਦੇ ਮਾੜੇ ਪ੍ਰਭਾਵ ਹੁੰਦੇ ਹਨ, ਪਰ ਇਹ ਹਰ ਕਿਸੇ ਨੂੰ ਪ੍ਰਭਾਵਿਤ ਨਹੀਂ ਕਰਦੀਆਂ।[2] ਕੁਝ ਕੀਮੋਥੈਰੇਪੀ ਦਵਾਈਆਂ ਕਾਰਨ ਹੋਣ ਵਾਲੀ ਬਿਮਾਰੀ ਬਹੁਤ ਸਾਰੇ ਲੋਕਾਂ ਲਈ ਸਭ ਤੋਂ ਮੁਸ਼ਕਲ ਮਾੜਾ ਪ੍ਰਭਾਵ ਹੁੰਦਾ ਹੈ ਜਿਸਦਾ ਉਹਨਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ[2] ਅਤੇ ਬਿਮਾਰ ਮਹਿਸੂਸ ਕਰਨ ਜਾਂ ਉਲਟੀਆਂ ਕਰਨ ਬਾਰੇ ਚਿੰਤਤ ਹੋਣਾ ਆਮ ਗੱਲ ਹੈ।

### ਪਰ ਕੀ ਤੁਸੀਂ ਜਾਣਦੇ ਹੋ ਕਿ ਕੀਮੋਥੈਰੇਪੀ ਸਬੰਧਤ ਬਿਮਾਰੀ ਨੂੰ ਘਟਾਉਣ ਜਾਂ ਇਸਨੂੰ ਰੋਕਣ ਦੇ ਤਰੀਕੇ ਹਨ?[1]

ਜੇਕਰ ਤੁਸੀਂ ਕੀਮੋਥੈਰੇਪੀ ਕਰਵਾਉਣ ਦੌਰਾਨ ਬਿਮਾਰ ਮਹਿਸੂਸ ਕਰਦੇ ਜਾਂ ਹੁੰਦੇ ਹੋ ਤਾਂ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਨੂੰ ਇਸ ਬਾਰੇ ਦੱਸਣਾ ਮਹੱਤਵਪੂਰਨ ਹੈ। ਇਹ ਤੁਹਾਡੇ ਰੋਜ਼ਾਨਾ ਜੀਵਨ 'ਤੇ ਇਸਦੇ ਪ੍ਰਭਾਵ ਨੂੰ ਘੱਟ ਕਰਦੇ ਹੋਏ, ਤੁਹਾਡੇ ਕੀਮੋਥੈਰੇਪੀ ਇਲਾਜ ਤੋਂ ਸਭ ਤੋਂ ਵਧੀਆ ਨਤੀਜੇ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗਾ।
ਇਹ ਗਾਈਡ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਕੀਮੋਥੈਰੇਪੀ ਦੌਰਾਨ ਹੋਣ ਵਾਲੇ ਮਤਲੀ ਅਤੇ ਉਲਟੀਆਂ ਦੇ ਲੱਛਣਾਂ ਬਾਰੇ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਚਰਚਾ ਕਰਨ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਆਪਣੇ ਇਲਾਜ ਬਾਰੇ ਵਾਰ-ਵਾਰ ਅਤੇ ਖੁੱਲ੍ਹ ਕੇ ਚਰਚਾ ਕਰਕੇ, ਤੁਸੀਂ ਮਤਲੀ ਜਾਂ ਉਲਟੀਆਂ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹੋ। ਅਸੀਂ ਤੁਹਾਨੂੰ ਉਤਸ਼ਾਹਿਤ ਕਰਦੇ ਹਾਂ ਕਿ ਤੁਸੀਂ ਆਪਣੀ ਅਗਲੀ ਮੁਲਾਕਾਤ 'ਤੇ ਇਸ ਗਾਈਡ ਨੂੰ ਆਪਣੇ ਨਾਲ ਲੈ ਜਾਓ ਅਤੇ ਆਪਣੇ ਸਿਹਤ ਸੰਭਾਲ ਪੇਸ਼ੇਵਰ ਨੂੰ ਆਪਣੇ ਕੋਈ ਵੀ ਸਵਾਲ ਪੁੱਛੋ।

**ਤੁਹਾਨੂੰ ਚੁੱਪਚਾਪ ਮਤਲੀ ਅਤੇ ਉਲਟੀਆਂ ਦਾ ਸਾਹਮਣਾ ਕਰਨ ਦੀ ਲੋੜ ਨਹੀਂ ਹੈ ਤੁਹਾਡੀ ਸਿਹਤ ਸੰਭਾਲ ਟੀਮ ਇੱਥੇ ਮੌਜੂਦ ਹੈ ਤੁਹਾਡੀ ਸਹਾਇਤਾ ਲਈ। ਜੁੜੇ ਰਹੋ, ਲੱਛਣਾਂ ਦੀ ਜਲਦੀ ਰਿਪੋਰਟ ਕਰੋ, ਅਤੇ ਉਨ੍ਹਾਂ ਦੀ ਮਦਦ ਲਓ।**

CHEMO SICKNESS PREVENTION

**ਹੋਰ ਜਾਣਕਾਰੀ ਲਈ, ਇੱਥੇ ਜਾਓ:**
**ChemoSicknessPrevention.com**

### ਕੀਮੋਥੈਰੇਪੀ ਦੇ ਪਹਿਲੇ ਸਾਈਕਲ ਤੋਂ ਪਹਿਲਾਂ ਪੁੱਛਣ ਵਾਲੇ ਸਵਾਲ:

» ਕੀ ਮੈਨੂੰ ਮਤਲੀ ਅਤੇ ਉਲਟੀਆਂ ਦਾ ਅਨੁਭਵ ਹੋਵੇਗਾ?
» ਕੀਮੋਥੈਰੇਪੀ ਇਲਾਜ ਦੌਰਾਨ ਮੇਰੇ ਬਿਮਾਰ ਹੋਣ ਦੀ ਸੰਭਾਵਨਾ ਘੱਟ ਜਾਂ ਵੱਧ ਕਿਉਂ ਹੁੰਦੀ ਹੈ?
» ਕਿਹੜੀ ਦਵਾਈ ਜਾਂ ਇਲਾਜ ਬਿਮਾਰ ਮਹਿਸੂਸ ਕਰਨ ਨੂੰ ਰੋਕਣ ਜਾਂ ਘਟਾਉਣ ਵਿੱਚ ਮਦਦ ਕਰ ਸਕਦੇ ਹਨ?
» ਮੈਨੂੰ ਆਪਣੀ ਸਿਹਤ ਸੰਭਾਲ ਟੀਮ ਨੂੰ ਇਲਾਜ ਦੌਰਾਨ ਬਿਮਾਰ ਮਹਿਸੂਸ ਹੋਣ ਬਾਰੇ ਕਦੋਂ ਦੱਸਣਾ ਚਾਹੀਦਾ ਹੈ? ਕੀ ਮੈਨੂੰ ਇਸ ਦੇ ਗੰਭੀਰ ਹੋਣ ਤੱਕ ਉਡੀਕ ਕਰਨੀ ਪਵੇਗੀ?
» ਜਦੋਂ ਮੈਂ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰਦਾ/ਕਰਦੀ ਹਾਂ ਤਾਂ ਮੈਨੂੰ ਆਪਣੀ ਸਿਹਤ ਸੰਭਾਲ ਟੀਮ ਨੂੰ ਕੀ ਦੱਸਣਾ ਚਾਹੀਦਾ ਹੈ, ਅਤੇ ਮੈਨੂੰ ਉਨ੍ਹਾਂ ਨੂੰ ਕਿਵੇਂ ਦੱਸਣਾ ਚਾਹੀਦਾ ਹੈ?
» ਕੀ ਮੈਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਮਤਲੀ ਅਤੇ ਉਲਟੀਆਂ ਨੂੰ ਰੋਕਣ ਲਈ ਵੱਖ-ਵੱਖ ਵਿਕਲਪਾਂ 'ਤੇ ਚਰਚਾ ਕਰ ਸਕਦਾ/ਸਕਦੀ ਹਾਂ?
» ਕੀ ਮੈਂ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਕੋਈ ਬਦਲਾਅ ਕਰ ਸਕਦਾ/ਸਕਦੀ ਹਾਂ ਜੋ ਇਲਾਜ ਦੌਰਾਨ ਮੈਨੂੰ ਬਿਹਤਰ ਮਹਿਸੂਸ ਕਰਨ ਵਿੱਚ ਮਦਦ ਕਰ ਸਕਦਾ ਹੈ?
» ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਆਪਣੇ ਆਪ ਨੂੰ ਤਿਆਰ ਕਰਨ ਲਈ ਮੈਂ ਘਰ ਵਿੱਚ ਕੀ ਕਰ ਸਕਦਾ/ਸਕਦੀ ਹਾਂ ਤਾਂ ਜੋ ਬਿਮਾਰ ਮਹਿਸੂਸ/ਹੋਣ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ?
» ਕੀ ਕੀਮੋਥੈਰੇਪੀ ਦੌਰਾਨ ਮੇਰੀ ਮਦਦ ਕਰਨ ਲਈ ਕੋਈ ਸਹਾਇਤਾ ਪ੍ਰੋਗਰਾਮ ਜਾਂ ਸਰੋਤ ਉਪਲਬਧ ਹਨ?

### ਪਹਿਲੇ ਸਾਈਕਲ ਤੋਂ ਬਾਅਦ ਪੁੱਛਣ ਵਾਲੇ ਸਵਾਲ ਅਤੇ ਜੇਕਰ ਤੁਸੀਂ ਮਾੜੇ ਪ੍ਰਭਾਵਾਂ ਨਾਲ ਜੂਝ ਰਹੇ ਹੋ:

» ਇਸ ਤੋਂ ਬਚਣ ਲਈ ਦਵਾਈ ਲੈਣ ਦੇ ਬਾਵਜੂਦ ਵੀ ਜੇਕਰ ਮੈਨੂੰ ਬਿਮਾਰ ਮਹਿਸੂਸ ਹੋਵੇ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?
» ਮੈਂ ਘਰ ਵਿੱਚ ਆਪਣੀ ਬਿਮਾਰੀ-ਰੋਕੂ ਦਵਾਈ ਕਿਵੇਂ ਲਵਾਂ?
» ਕੀ ਬਿਮਾਰੀ-ਰੋਕੂ ਦਵਾਈ ਲੈਣੀ ਬੰਦ ਕਰਨਾ ਸੁਰੱਖਿਅਤ ਹੈ? ਜੇਕਰ ਮੈਂ ਇਸ ਬਾਰੇ ਵਿਚਾਰ ਕਰ ਰਿਹਾ/ਰਹੀ ਹਾਂ ਤਾਂ ਮੈਨੂੰ ਕਿਹੜੇ ਕਦਮ ਚੁੱਕਣੇ ਚਾਹੀਦੇ ਹਨ?
» ਕੀ ਮੈਂ ਬਿਮਾਰ ਮਹਿਸੂਸ ਕਰਨ ਲਈ ਕੁਦਰਤੀ/ਘਰੇਲੂ ਉਪਚਾਰਾਂ ਦੀ ਵਰਤੋਂ ਕਰ ਸਕਦਾ/ਸਕਦੀ ਹਾਂ?
» ਮੈਨੂੰ ਆਪਣੇ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਿਸ ਨੂੰ ਅਤੇ ਕਿਵੇਂ ਕਰਨੀ ਚਾਹੀਦੀ ਹੈ?
» ਮਤਲੀ ਅਤੇ ਉਲਟੀਆਂ ਦੀ ਰਿਪੋਰਟ ਕਰਨ ਤੋਂ ਬਾਅਦ ਮੈਂ ਆਪਣੇ ਇਲਾਜ ਵਿੱਚ ਕਿਹੜੀਆਂ ਤਬਦੀਲੀਆਂ ਦੀ ਉਮੀਦ ਕਰ ਸਕਦਾ/ਸਕਦੀ ਹਾਂ?
» ਮੈਂ ਬਿਮਾਰ ਹੋਣ ਜਾਂ ਮਹਿਸੂਸ ਕਰਨ ਦੇ ਪ੍ਰਬੰਧਨ ਵਿੱਚ ਕਿਵੇਂ ਕਿਰਿਆਸ਼ੀਲ ਹੋ ਸਕਦਾ/ਸਕਦੀ ਹਾਂ?
» ਮਤਲੀ ਅਤੇ ਉਲਟੀਆਂ ਆਮ ਤੌਰ 'ਤੇ ਕਿੰਨੀ ਦੇਰ ਰਹਿੰਦੀਆਂ ਹਨ ਅਤੇ ਮੈਨੂੰ ਡਾਕਟਰੀ ਸਹਾਇਤਾ ਕਦੋਂ ਲੈਣੀ ਚਾਹੀਦੀ ਹੈ?
» ਕੀ ਮੈਂ ਮਾੜਾ ਮਹਿਸੂਸ ਕਰਨ ਦੇ ਬਾਵਜੂਦ ਆਪਣੇ ਰੋਜ਼ਾਨਾ ਦੇ ਕੰਮ ਜਾਰੀ ਰੱਖ ਸਕਦਾ/ਸਕਦੀ ਹਾਂ?
» ਕੀ ਮੈਂ ਇਸ ਅਨੁਭਵ ਵਿੱਚੋਂ ਲੰਘਣ ਵਿੱਚ ਮਦਦ ਲਈ ਮਾਹਰ ਸਹਾਇਤਾ ਜਾਂ ਵਾਧੂ ਸਰੋਤਾਂ ਤੱਕ ਪਹੁੰਚ ਕਰ ਸਕਦਾ/ਸਕਦੀ ਹਾਂ?


**ਹਵਾਲੇ**

1 ਐਨ.ਐਚ.ਐਸ. www.nhs.uk/conditions/chemotherapy/ side-effects 'ਤੇ ਉਪਲੱਬਧ ਹੈ ਆਖਰੀ ਵਾਰ ਨਵੰਬਰ 2023 ਨੂੰ ਐਕਸੈਸ ਕੀਤਾ ਗਿਆ।

2 ਕੈਂਸਰ ਰਿਸਰਚ ਯੂਕੇ। www.cancerresearchuk.org/about-cancer/treatment/cancer-drugs/side-effects/ sickness 'ਤੇ ਉਪਲੱਬਧ ਹੈ ਆਖਰੀ ਵਾਰ ਨਵੰਬਰ 2023 ਨੂੰ ਐਕਸੈਸ ਕੀਤਾ ਗਿਆ।

3 ਬਾਸ਼ ਈ, ਆਦਿ। ਜੇ ਕਲਿਨ ਓਨਕੋਲ। 2016:34(6):557-565.


**ਕੀਮੋਥੈਰੇਪੀ ਨਾਲ ਜੁੜੀ ਬਿਮਾਰੀ ਨੂੰ -=:J ਘਟਾਉਣ ਲਈ ਵਚਨਬੱਧ**

CHUGAI


ਕੀਮੋ ਬਿਮਾਰੀ ਰੋਕਥਾਮ ਮੁਹਿੰਮ ਅਤੇ ਸਮੱਗਰੀਆਂ ਨੂੰ ਚੁਗਾਈ ਫਾਰਮਾ ਯੂਕੇ ਲਿਮਟਿਡ ਦੁਆਰਾ ਮਰੀਜ਼ਾਂ ਅਤੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਬਣਾਇਆ ਅਤੇ ਫੰਡ ਕੀਤਾ ਜਾਂਦਾ ਹੈ।

# ਕੀਮੋਥੈਰੇਪੀ ਨਾਲ ਸਬੰਧਤ ਬਿਮਾਰੀ ਦੇ ਮਾੜੇ ਪ੍ਰਭਾਵ।

## ਨੋਟਸ

ਹੋਰ ਜਾਣਕਾਰੀ ਲਈ, ਇੱਥੇ ਜਾਓ:
ChemoSicknessPrevention.com

ਕੀਮੋਥੈਰੇਪੀ ਨਾਲ ਜੁੜੀ ਬਿਮਾਰੀ ਨੂੰ ਘਟਾਉਣ ਲਈ ਵਚਨਬੱਧ